नामांक Roll No.

Question Booklet No.

No. of Questions – 20

No. of Printed Pages – 7

**SS-25-Punjabi Sah.**

# उच्च माध्यमिक परीक्षा, 2026

# SENIOR SECONDARY EXAMINATION, 2026

## पंजाबी साहित्य

## PUNJABI SAHITYA

**समय : 3 घण्टे 15 मिनट**

**पूर्णांक : 80**

### ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :

1) ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਲਿਖਣ।

2) ਸਾਰੇ ਪ੍ਰਸ਼ਨ ਹੱਲ ਕਰਨੇ ਲਾਜ਼ਮੀ ਹਨ। ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਤ ਹਨ। ਪ੍ਰਸ਼ਨ ਨੰਬਰ 14 ਤੋਂ 20 ਤੱਕ ਅਾਂਤਰਿਕ ਵਿਕੱਲਪ ਹਨ।

3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ। ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ।

## ਖੰਡ -ੳ

1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪ ਦੀ ਚੋਣ ਕਰੋ : **[18×1=18]**

i) ਸਾਡੀ ਬੀਹੀ ਵਿੱਚ ਚੂੜੀਆਂ ਦਾ ਹੋਕਾ,
ਦੇਈਂ ਨਾ ਵੀਰਾ ਵਣਜਾਰਿਆ ।
ਉਪਰੋਕਤ ਕਾਵਿ ਸਤਰਾਂ ਕਿਸ ਕਵੀ ਦੀਆਂ ਹਨ **[1]**

ੳ) ਪਾਸ਼ ਅ) ਸ.ਸ. ਮੀਸ਼ਾ
ੲ) ਸੰਤ ਰਾਮ ਉਦਾਸੀ ਸ) ਡਾ. ਜਗਤਾਰ

ii) 'ਧਰਤੀ ਦੇ ਬੋਲ' ਕਵਿਤਾ ਕਿਸ ਕਵੀ ਦੀ ਹੈ **[1]**

ੳ) ਸ.ਸ. ਮੀਸ਼ਾ ਅ) ਡਾ. ਹਰਿਭਜਨ ਸਿੰਘ
ੲ) ਡਾ. ਵਨੀਤਾ ਸ) ਡਾ. ਪਾਲ ਕੌਰ

iii) 'ਅਰਸ਼ੀ ਦੀਵਾਲੀ' ਕਵਿਤਾ ਵਿੱਚ ਪੰਜਾਬ ਦੇ ਕਿਹੜੇ ਸ਼ਹਿਰ ਦਾ ਜ਼ਿਕਰ ਹੋਇਆ ਹੈ **[1]**

ੳ) ਤਰਨਤਾਰਨ ਅ) ਅੰਮ੍ਰਿਤਸਰ ੲ) ਮੁਕਤਸਰ ਸ) ਆਨੰਦਪੁਰ

iv) ਪੱਟੀ ਪੋਚ ਕੇ ਊੜਾ ਐੜਾ ਕੌਣ ਲਿਖ ਰਿਹਾ ਹੈ **[1]**

ੳ) ਨੰਦ ਕਿਸ਼ੋਰ ਅ) ਰਾਮ ਕਲੀ ੲ) ਅੱਛਰ ਸਿੰਘ ਸ) ਮਾਧੁਰੀ

v) 'ਖ਼ਨਗਾਹੀ ਦੀਵਾ ਬਾਲਦੀਏ' ਕਵਿਤਾ ਅਨੁਸਾਰ 'ਖ਼ਨਗਾਹ' ਕਿੱਥੇ ਸਥਿਤ ਹੈ **[1]**

ੳ) ਪਿੰਡ ਵਿੱਚ ਅ) ਸ਼ਹਿਰ ਵਿੱਚ ੲ) ਉਜਾੜ ਵਿੱਚ ਸ) ਕਸਬੇ ਵਿੱਚ

vi) 'ਬਦੇਸ਼ੀ ਸੌਦਾਗਰ' ਕਵਿਤਾ ਅਨੁਸਾਰ ਸਾਡੇ ਅਸਟੋਰਾਂ ਵਿੱਚ ਭਰਿਆ ਹੈ **[1]**

ੳ) ਭੁੱਖ ਅ) ਬਾਰੂਦ ੲ) ਕਣਕ ਸ) ਹਥਿਆਰ

vii) ਕੱਕਰੀ ਰਾਤ ਸਿਆਲ ਦੀ। ਤੁਕ ਵਿੱਚ ਆਏ 'ਕੱਕਰੀ' ਸ਼ਬਦ ਦਾ ਅਰਥ ਹੈ **[1]**

ੳ) ਕੱਕਾ ਰੇਤਾ ਅ) ਬਰਫ਼ੀਲੀ ੲ) ਮਿੱਟੀ ਸ) ਗਰਮੀ

viii) 'ਕੋਈ ਇੱਕ ਸਵਾਰ' ਕਹਾਣੀ ਵਿੱਚ ਬਾਰੂ ਦੀ ਲੜਾਈ ਕਿਹੜੇ ਪਾਤਰ ਨਾਲ ਹੁੰਦੀ ਹੈ **[1]**

ੳ) ਠਾਣੇਦਾਰ ਨਾਲ ਅ) ਨੱਥੂ ਨਾਲ
ੲ) ਜੱਗੂ ਨਾਲ ਸ) ਕੁੰਦਨ ਨਾਲ

ix) ਲਿਵਿੰਗ ਰੂਮ ਵਿੱਚ ਪਏ ਸੋਫੇ ਉੱਪਰ ਪਾਲੇ-ਮਾਰੀ ਕੁੱਕੜੀ ਵਾਂਗ ਕੌਣ ਬੈਠਾ ਸੀ [1]

ੳ) ਜੈਮਲ ਸਿਓਂ ਅ) ਗੁਰਮੇਲ ੲ) ਬੰਤੀ ਸ) ਰੁਪਿੰਦਰ

x) ਆਤੂ ਖੋਜੀ ਦਾ ਪਿੰਡ ਸੀ [1]

ੳ) ਗੱਜੂਪੁਰਾ ਅ) ਤਲਵੰਡੀ ੲ) ਬੁੱਟਰ ਸ) ਪੀਰਾਂ ਵਾਲੀ

xi) 'ਘੁੱਦੂ' ਦਾ ਅਸਲੀ ਨਾਂ ਸੀ [1]

ੳ) ਕਰਮ ਸਿੰਘ ਅ) ਧਰਮ ਸਿੰਘ ੲ) ਸਵਰਨ ਸਿੰਘ ਸ) ਬਿਸ਼ਨ ਸਿੰਘ

xii) ਰਾਜਸਥਾਨ ਦਾ ਪੰਜਾਬੀ ਕਹਾਣੀਕਾਰ ਹੈ [1]

ੳ) ਗੁਰਦਿਆਲ ਸਿੰਘ ਅ) ਦਰਸ਼ਨ ਸਿੰਘ ਧੀਰ

ੲ) ਹਰਪਾਲ ਸਿੰਘ ਲੱਖੀਆਂ ਸ) ਅਤਰਜੀਤ

xiii) 'ਦੁਨੀਆਂ ਦੀ ਸੈਰ' ਪੁਸਤਕ ਦਾ ਸੰਬੰਧ ਸਾਹਿਤ ਦੇ ਕਿਹੜੇ ਰੂਪ ਨਾਲ ਹੈ [1]

ੳ) ਸਫ਼ਰਨਾਮਾ ਅ) ਜੀਵਨੀ ੲ) ਰੇਖਾ ਚਿੱਤਰ ਸ) ਨਾਟਕ

xiv) ਆਧੁਨਿਕ ਪੰਜਾਬੀ ਕਾਵਿ ਦਾ ਮੁਢਲਾ ਕਵੀ ਹੈ [1]

ੳ) ਪ੍ਰੋ. ਪੂਰਨ ਸਿੰਘ ਅ) ਪ੍ਰੋ. ਮੋਹਨ ਸਿੰਘ

ੲ) ਧਨੀ ਰਾਮ ਚਾਤ੍ਰਿਕ ਸ) ਭਾਈ ਵੀਰ ਸਿੰਘ

xv) 'ਰੌਦਰ ਰਸ' ਦਾ ਸਥਾਈ ਭਾਵ ਹੈ [1]

ੳ) ਘ੍ਰਿਣਾ ਅ) ਕ੍ਰੋਧ ੲ) ਵੈਰਾਗ ਸ) ਅਸਚਰਜ

xvi) ਇੰਦਰਪ੍ਰੀਤ ਸ਼ਾਮ ਨੂੰ ਹਾਕੀ ਖੇਡਦਾ ਹੈ। ਵਾਕ ਵਿੱਚੋਂ ਕਰਤਾ ਦੀ ਪਛਾਣ ਕਰੋ [1]

ੳ) ਹਾਕੀ ਅ) ਸ਼ਾਮ ਨੂੰ ੲ) ਖੇਡਦਾ ਹੈ ਸ) ਇੰਦਰਪ੍ਰੀਤ

xvii) ਤੁਸੀਂ ਕਿਸਨੂੰ ਨਹੀਂ ਜਾਣਦੇ ? ਕਾਰਜ ਦੇ ਆਧਾਰ 'ਤੇ ਵਾਕ ਦੀ ਕਿਸਮ ਦੱਸੋ [1]

ੳ) ਵਿਸਮਕ ਵਾਕ ਅ) ਸਾਧਾਰਨ ਵਾਕ

ੲ) ਪ੍ਰਸ਼ਨ ਵਾਚਕ ਵਾਕ ਸ) ਇੱਛਾ ਸੂਚਕ ਵਾਕ

xviii) ਜਿਉਂ ਹੀ ਘੰਟੀ ਵੱਜੀ ਸਾਰੇ ਵਿਦਿਆਰਥੀ ਜਮਾਤਾਂ ਵਿੱਚ ਚਲੇ ਗਏ। [1]
ਬਣਤਰ ਦੇ ਆਧਾਰ 'ਤੇਵਾਕ ਦੀ ਕਿਸਮ ਦੱਸੋ

ੳ) ਮਿਸ਼ਰਤ ਵਾਕ ਅ) ਸਾਧਾਰਨ ਵਾਕ

ੲ) ਸੰਯੁਕਤ ਵਾਕ ਸ) ਪ੍ਰਸ਼ਨਿਕ ਵਾਕ

2. **ਹੇਠ ਲਿਖੇ ਵਾਕਾਂ ਵਿੱਚ ਖਾਲੀ ਥਾਵਾਂ ਭਰੋ :** **[6×1=6]**

i) ________________ , ਫਿਰਦੇ ਬੇ-ਰੁਜ਼ਗਾਰ।
ਮੁਲਕ ਤਰੱਕੀ ਕਰ ਰਿਹੈ, ਨਿੱਤ ਕਹਿੰਦੀ ਸਰਕਾਰ। **[1]**

ii) ਆਪਣੀ ਜਾਚੇ ਉਹ ਤਾਂ ਵੱਡੇ ਘਰ ਜਾਂਦਾ ਹੈ।
ਵਿੱਚ ਸਮੁੰਦਰ ਜਾ ਕੇ ______________। **[1]**

iii) ______________ਮਾਰ ਕੇ ਸੁੱਟਗੀ। ਕਈ ਸਾਲ ਪਿੱਛੇ ਜਾ ਪਏ। **[1]**

iv) ਕੇਲੂ ਆਪਣੇ ਪਿਤਾ ਲਈ______ ਅਤੇ _______ ਲੈ ਕੇ ਆਇਆ। **[1]**

v) ਬਾਰੂ ਤਾਂਗੇ ਵਾਲੇ ਨੇ ਹੋਕਾ ਦਿੱਤਾ,"ਜਾਂਦਾ ਕੋਈ ਇੱਕ ਸਵਾਰ ____________ ।" **[1]**

vi) ਜਿਸ ਵਾਕ ਵਿੱਚ ਕੇਵਲ ਇੱਕ ਹੀ ਕਿਰਿਆ ਹੋਵੇ, ਉਸ ਵਾਕ ਨੂੰ ____________ ਕਿਹਾ ਜਾਂਦਾ ਹੈ। **[1]**

3. **ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[12×1=12]**

i) 'ਪੰਜਾਬ ਦੇ ਦਰਿਆ' ਕਵਿਤਾ ਵਿੱਚ ਆਏ ਚਾਰ ਦਰਿਆਵਾਂ ਦੇ ਨਾਂ ਲਿਖੋ ? **[1]**

ii) 'ਗਰੀਬ ਕਿਰਸਾਣ' ਕਵਿਤਾ ਦੇ ਅਨੁਸਾਰ ਰਾਤ ਦੇ ਪਿਛਲੇ ਪਹਿਰ ਕੌਣ-ਕੌਣ ਜਾਗਦਾ ਹੈ ? **[1]**

iii) 'ਔੜ' ਕਵਿਤਾ ਅਨੁਸਾਰ ਕੌਣ-ਕੌਣ ਰੁੱਸ ਗਿਆ ਹੈ ? **[1]**

iv) ਭੂਆ ਦੀ ਨੂੰਹ ਅਤੇ ਪੁੱਤ ਦਾ ਕੀ ਨਾਂ ਹੈ ? ਉਹ ਅੰਮ੍ਰਿਤਸਰ ਕਿਸ ਨਾਲ ਗਈ ਸੀ ? **[1]**

v) ਮਦਨ ਦੀ ਪਤਨੀ ਅਤੇ ਮੁੰਡੇ ਦਾ ਕੀ ਨਾਂ ਹੈ? ਮਦਨ ਦੇ ਮੁੰਡੇ ਦੀ ਮੌਤ ਕਿਵੇਂ ਹੁੰਦੀ ਹੈ ? **[1]**

vi) 'ਇੱਕ ਅਨਾਰ ਸੌ ਬਿਮਾਰ' ਅਖਾਣ ਦੀ ਵਰਤੋਂ ਕਦੋਂ ਹੁੰਦੀ ਹੈ ? **[1]**

vii) 'ਉੱਦਮ ਅੱਗੇ ਲੱਛਮੀ, ਪੱਖੇ ਅੱਗੇ ਪੌਣ' ਅਖਾਣ ਦੀ ਵਰਤੋਂ ਕਦੋਂ ਹੁੰਦੀ ਹੈ ? **[1]**

viii) 'ਅੱਡੀ ਚੋਟੀ ਦਾ ਜ਼ੋਰ ਲਾਉਣਾ' ਮੁਹਾਵਰੇ ਦੇ ਅਰਥ ਵਾਕ ਬਣਾਕੇ ਸਪੱਸ਼ਟ ਕਰੋ। **[1]**

ix) 'ਇੱਟ ਕੁੱਤੇ ਦਾ ਵੈਰ ਹੋਣਾ' ਮੁਹਾਵਰੇ ਦੇ ਅਰਥ ਵਾਕ ਬਣਾਕੇ ਸਪਸ਼ੱਟ ਕਰੋ ? **[1]**

(x-xii) ਹੇਠ ਲਿਖੇ ਵਾਕਾਂ ਵਿੱਚ ਵਿਸ਼ਰਾਮ ਚਿਨ੍ਹਾਂ ਦੀ ਵਰਤੋਂ ਕਰੋ :

x) ਪਿਤਾ ਜੀ ਮੈਨੂੰ ਪੰਜ ਰੁਪਏ ਚਾਹੀਦੇ ਹਨ **[1]**

xi) ਕਾਸ਼ ਮੈਂ ਧਨੀ ਹੁੰਦਾ **[1]**

xii) ਸਭ ਮਹਿ ਜੋਤਿ ਜੋਤਿ ਹੈ ਸੋਇ **[1]**

## ਖੰਡ - ਅ

**(4-8) ਹੇਠ ਲਿਖੇ ਪੈਰ੍ਹੇ ਨੂੰ ਪੜ੍ਹਕੇ ਦਿੱਤੇ ਗਏ ਪ੍ਰਸ਼ਨਾਂਨੂੰ ਹੱਲ ਕਰੋ :** **[5×2=10]**

ਸਮੇਂ ਦੀ ਕਦਰ ਨਾ ਕਰਨਾ ਭਾਰਤੀ ਲੋਕਾਂ ਦੀ ਆਦਤ ਬਣ ਗਈ ਹੈ। ਕਿਸੇ ਕੰਮ ਵਿੱਚ ਵਧੇਰੇ ਸਮਾਂ ਲੱਗ ਜਾਣ ਨੂੰ ਅਸੀਂ ਮਾਮੂਲੀ ਗੱਲ ਸਮਝਦੇ ਹਾਂ। ਅਸੀਂ ਵਕਤ ਬਰਬਾਦ ਕਰਨ ਨੂੰ ਆਪਣੀ ਸ਼ਾਨ ਸਮਝਦੇ ਹਾਂ। ਸਾਡੇ ਖਾਣ-ਪੀਣ, ਸੌਣ-ਜਾਗਣ, ਆਉਣ-ਜਾਣ, ਖੇਡਣ-ਪੜ੍ਹਨ ਦਾ ਕੋਈ ਸਮਾਂ ਨਿਸ਼ਚਿਤ ਨਹੀਂ ਹੈ। ਅਸੀਂ ਬੇਲੋੜੇ ਕੰਮਾਂ ਵਿੱਚ ਵਕਤ ਬਰਬਾਦ ਕਰਦੇ ਹਾਂ। ਬਿਨਾਂ ਮਤਲਬ ਤੋਂ ਅਖ਼ਬਾਰਾਂ ਪੜ੍ਹੀ ਜਾਣੀਆਂ, ਟੈਲੀਵਿਜ਼ਨ ਵੇਖਣਾ ਜਾਂ ਆਂਢੀਆਂ-ਗੁਆਂਢੀਆਂ ਨਾਲ ਗੱਪਾਂ ਮਾਰਨਾ ਸਾਡਾ ਸ਼ੁਗਲ ਹੈ। ਭਾਰਤੀ ਲੋਕ ਸ਼ਿਸ਼ਟਾਚਾਰ ਨੂੰ ਭੁੱਲ ਚੁੱਕੇ ਹਨ। ਉਹ ਨਾ ਤਾਂ ਆਪ ਸਮੇਂ ਦੀ ਕਦਰ ਕਰਦੇ ਹਨ ਅਤੇ ਨਾ ਹੀ ਕਿਸੇ ਦੂਸਰੇ ਦੇ ਕੀਮਤੀ ਸਮੇਂ ਦਾ ਖਿਆਲ ਕਰਦੇ ਹਨ। ਸਾਨੂੰ ਸਾਰਿਆਂ ਨੂੰ ਸਮੇਂ ਦੀ ਕਦਰ ਕਰਨ ਦੀ ਜਾਚ ਸਿੱਖਣੀ ਚਾਹੀਦੀ ਹੈ ਕਿਉਂਕਿ ਸਮਾਂ ਬੇਰੋਕ ਤੇ ਨਿਰੰਤਰ ਗਤੀਸ਼ੀਲ ਹੈ। ਸਮੇਂ ਦੀ ਪਾਬੰਦੀ ਬਿਹਤਰ ਸਿੱਟੇ ਪੈਦਾ ਕਰਦੀ ਹੈ ਅਤੇ ਬੇਲੋੜੀ ਆਲੋਚਨਾ ਤੋਂ ਬਚਾਉਂਦੀ ਹੈ।

4. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ । **[2]**

5. ਭਾਰਤੀ ਲੋਕਾਂ ਲਈ ਕਿਹੜਾ ਸਮਾਂ ਨਿਸ਼ਚਿਤ ਨਹੀਂ ਹੈ? **[2]**

6. ਸਾਡਾ ਸ਼ੁਗਲ ਕੀ ਹੈ? **[2]**

7. ਸਮੇਂ ਦੀ ਪਾਬੰਦੀ ਕੀ ਕਰਦੀ ਹੈ ? **[2]**

8. ਔਖੇ ਸ਼ਬਦਾਂ ਦੇ ਅਰਥ ਲਿਖੋ : **[2]**
   ਕੀਮਤੀ, ਨਿਰੰਤਰ, ਆਲੋਚਨਾ, ਸਿੱਟੇ

**(9-13) ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਲਿਖੋ :** **[5×2=10]**

9. 'ਨਿ: ਸ਼ਬਦ' ਕਵਿਤਾ ਕਿਹੜੇ ਭਾਵਾਂ ਦਾ ਸੰਚਾਰ ਕਰਦੀ ਹੈ? **[2]**

10. 'ਸ਼ਹੀਦ ਦੀ ਮਾਂ' ਕਹਾਣੀ ਸਾਨੂੰ ਕੀ ਸੁਨੇਹਾ ਦਿੰਦੀ ਹੈ ? **[2]**

11. ਇਕਾਂਗੀ ਦਾ ਅਰਥ ਬਿਆਨ ਕਰੋ? **[2]**

12. ਅਦਭੁਤ ਰਸ ਦਾ ਸਥਾਈ ਭਾਵ ਦੱਸ ਕੇ ਉਦਾਹਰਨ ਲਿਖੋ। **[2]**

13. ਖਿਡਾਰੀ ਹਾਕੀ ਖੇਡ ਰਹੇ ਹਨ। ਵਾਕ ਵਿੱਚੋਂ ਉਦੇਸ਼ ਅਤੇ ਵਿਧੇਅ ਵੱਖ-ਵੱਖ ਲਿਖੋ। **[2]**

## ਖੰਡ - ੲ

**(14-17) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[4×3=12]**

**14.** ਮਿਹਨਤ ਦਾ ਮੁੱਲ ਆਪ ਪਾਉਣਾ ਲੋਕਾਂ ਨੇ
ਧਰਤੀ ਤੇ ਸੁਰਗ ਬਣਾਉਣਾ ਲੋਕਾਂ ਨੇ
ਇੱਕੋ ਜਿੰਨੀ ਖੁਸ਼ੀ ਸਾਰਿਆਂ ਦੇ ਜੀਣ ਨੂੰ
ਬਚੇਗਾ ਨਾ ਲੋਟੂ ਕੋਈ ਲਹੂ ਪੀਣ ਨੂੰ
ਸੂਹਾ ਝੰਡਾ ਉੱਚਾ ਲਹਿਰਾਊ ਹਾਣੀਆ

i) ਉਪਰੋਕਤ ਕਾਵਿ ਬੰਦ ਦਾ ਪ੍ਰਸੰਗ ਲਿਖੋ। **[1]**

ii) ਉਪਰੋਕਤ ਕਾਵਿ ਬੰਦ ਦੀ ਸਰਲ ਵਿਆਖਿਆ ਕਰੋ। **[1]**

iii) ਔਖੇ ਸ਼ਬਦਾਂ ਦੇ ਅਰਥ ਲਿਖੋ **[1]**

ਮੁੱਲ, ਸੁਰਗ, ਲੋਟੂ, ਸੂਹਾ

ਜਾਂ

ਇੱਕ ਦਿਨ ਏ ਕਚਕੌਲ ਲੈ ਗਿਆ,
ਮੁਰਸ਼ਦ ਮੂਹਰੇ ਧਰਿਆ,
'ਜੂਠ ਜੂਠ' ਕਰ ਉਸ ਉਲਟਿਆ,
ਖਾਲੀ ਸਾਰਾ ਕਰਿਆ,
ਮਲ ਮਲ ਕੇ ਫਿਰ ਧੋਤਾ ਇਸ ਨੂੰ
ਮੈਲ ਇਲਮ ਦੀ ਲਾਹੀ
ਦੇਖੋ, ਇਹ ਕਚਕੌਲ ਲਿਸ਼ਕਿਆ,
ਕੰਵਲ ਵਾਂਙ ਫਿਰ ਖਿੜਿਆ ।

i) ਉਪਰੋਕਤ ਕਾਵਿ ਬੰਦ ਦਾ ਪ੍ਰਸੰਗ ਲਿਖੋ । **[1]**

ii) ਉਪਰੋਕਤ ਕਾਵਿ ਬੰਦ ਦੀ ਸਰਲ ਵਿਆਖਿਆ ਕਰੋ । **[1]**

iii) ਔਖੇ ਸ਼ਬਦਾਂ ਦੇ ਅਰਥ ਲਿਖੋ **[1]**

ਕਚਕੌਲ, ਮੁਰਸ਼ਦ, ਇਲਮ, ਮੂਹਰੇ

**15.** 'ਅਰਦਾਸ ਕਰੀਂ' ਗਜ਼ਲ ਰਾਹੀਂ ਕਵੀ ਕਿਹੜੀ-ਕਿਹੜੀ ਅਰਦਾਸ ਕਰਨ ਲਈ ਪ੍ਰੇਰਿਤ ਕਰਦਾ ਹੈ ? **[3]**

ਜਾਂ

'ਸੌਂ ਜਾ ਮੇਰੇ ਮਾਲਕਾ'ਗੀਤ ਵਿੱਚ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

**16.** 'ਗੁੱਡ ਡੀਅਲ' ਕਹਾਣੀ ਦਾ ਸੰਖੇਪ ਸਾਰ ਲਿਖੋ। **[3]**

ਜਾਂ

ਭੂਆ ਜਾਂ ਬੇਬੇ ਸੰਤੀ ਦਾ ਪਾਤਰ ਚਿਤਰਣ ਕਰੋ।

**17.** ਰਾਜਸਥਾਨ ਦੀ ਪੰਜਾਬੀ ਕਵਿਤਾ ਬਾਰੇ ਚਰਚਾ ਕਰੋ। **[3]**

ਜਾਂ

ਪੰਜਾਬੀ ਰੇਖਾ ਚਿੱਤਰ ਦੇ ਇਤਿਹਾਸ ਉੱਪਰ ਸੰਖੇਪ ਚਰਚਾ ਕਰੋ।

## ਖੰਡ - ਸ

**(18-20) ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ :** **[3×4=12]**

**18.** ਕਿਸੇ ਇੱਕ ਸਿਰਲੇਖ ਅਨੁਸਾਰ ਕਹਾਣੀ ਰਚਨਾ ਕਰੋ **[4]**

i) ਏਕੇ ਵਿੱਚ ਬਰਕਤ

ii) ਸਵਾਰਥੀ ਮਿੱਤਰ

iii) ਚਲਾਕ ਲੂਬੜੀ

**19.** ਕਿਸੇ ਇੱਕ ਵਿਸ਼ੇ ਉੱਪਰ ਲੇਖ ਚਰਨਾ ਕਰੋ **[4]**

i) ਪੰਜਾਬ ਦੀਆਂ ਲੋਕ ਖੇਡਾਂ

ii) ਪੁਸਤਕਾਂ ਦੀ ਮਹੱਤਤਾ

iii) ਨੌਵੇਂ ਪਾਤਸ਼ਾਹ – ਗੁਰੂ ਤੇਜ ਬਹਾਦਰ ਜੀ

iv) ਨੌਜਵਾਨਾਂ ਵਿੱਚ ਵਧ ਰਹੀ ਨਸ਼ਿਆਂ ਦੀ ਵਰਤੋਂ

**20.** ਕਿਸੇ ਇੱਕ ਸਾਹਿਤ ਰੂਪ ਦੇ ਅਰਥ, ਪਰਿਭਾਸ਼ਾ ਅਤੇ ਤੱਤਾਂ ਬਾਰੇ ਚਰਚਾ ਕਰੋ **[4]**
ਕਵਿਤਾ ਜਾਂ ਗੀਤ

---

DO NOT WRITE ANYTHING HERE